# ਪੰਜਾਬ ਵਿਧਾਨ ਸਭਾ ਸਕੱਤਰੇਤ

ਵੀਰਵਾਰ, ਮਿਤੀ 21 ਫਰਵਰੀ, 2019 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

## ਜੰਗਲ ਦੀ ਫੈਂਸਿੰਗ ਕਰਨ ਬਾਰੇ

*2048 **ਸਰਦਾਰ ਸੰਤੋਖ ਸਿੰਘ ਭਲਾਈਪੁਰ, ਐਮ.ਐਲ.ਏ.**:- ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਗਗੜੇਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਲਗਭਗ 500 ਏਕੜ ਵਿਚ ਫੈਲੇ ਜੰਗਲ ਦੀ ਫੈਂਸ ਨਾ ਹੋਣ ਕਾਰਨ ਜੰਗਲੀ ਜਾਨਵਰ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਕਰਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਜੰਗਲਾਤ ਏਰੀਏ ਦੇ ਬਾਹਰ ਲਗਭਗ 3 ਕਿਲੋਮੀਟਰ ਫੈਂਸ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਕਿ ਕਿਸਾਨਾਂ ਨੂੰ ਇਸ ਭਾਰੀ ਪਰੇਸ਼ਾਨੀ ਤੋਂ ਬਚਾਇਆ ਜਾ ਸਕੇ ਅਤੇ ਜੰਗਲੀ ਜਾਨਵਰਾਂ ਦੀ ਵੀ ਸੁਰੱਖਿਆ ਹੋ ਸਕੇ?

## ਪੰਚਾਇਤੀ ਸ਼ਾਮਲਾਟ ਜਮੀਨ ਸਬੰਧੀ

*2043. **ਸ਼੍ਰੀ ਦਲਵੀਰ ਸਿੰਘ ਗੋਲਡੀ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡਾਂ ਵਿੱਚ ਪੰਚਾਇਤੀ ਸ਼ਾਮਲਾਟ ਜਮੀਨ/ਟੋਬੇ ਜਿਨ੍ਹਾਂ ਉਤੇ ਲੋਕਾਂ ਦੇ ਲੰਮੇਂ ਸਮੇਂ ਤੋਂ ਅਣਅਧਿਕਾਰਤ ਕਬਜੇ ਹਨ, ਉਹ ਲੋਕ ਉਸ ਸ਼ਾਮਲਾਟ ਜਮੀਨ ਨੂੰ ਖਰੀਦਣਾ ਚਾਹੁੰਦੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਉਸ ਜਗ੍ਹਾ ਨੂੰ ਵੇਚਣ ਲਈ ਸਰਕਾਰ ਦੀ ਕੋਈ ਤਜਵੀਜ ਹੈ?

## ਪਿੰਡਾਂ ਵਿਚ ਖੇਡ ਮੈਦਾਨ ਬਨਾਉਣਾ

*2026. **ਸਰਦਾਰ ਫਤਿਹ ਜੰਗ ਸਿੰਘ ਬਾਜਵਾ, ਐਮ.ਐਲ.ਏ.**:- ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਖੇਡਾਂ ਨੂੰ ਪਿੰਡਾਂ ਵਿਚ ਪ੍ਰਫੁੱਲਤ ਕਰਨ ਲਈ ਪੰਚਾਇਤੀ ਜਮੀਨਾਂ ਤੇ ਖੇਡ ਮੈਦਾਨ ਉਸਾਰਨ ਦਾ ਉਪਰਾਲਾ ਕਰੇਗੀ?

## ਬੁਢਾਪਾ/ ਵਿਧਵਾ/ ਅੰਗਹੀਣ ਅਤੇ ਆਸ਼ਰਿਤ ਪੈਨਸ਼ਨਰਾਂ ਦੀ ਗਿਣਤੀ

*1709. **ਸਰਦਾਰ ਬਿਕਰਮ ਸਿੰਘ ਮਜੀਠੀਆ, ਐਮ.ਐਲ.ਏ.**:- ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸ਼ਰਿਤ ਪੈਨਸ਼ਨਾਂ ਦੇ ਲਾਭਪਤਾਰੀਆਂ ਦੀ ਰਾਜ ਵਿੱਚ ਮਾਰਚ, 2017 ਤੱਕ ਕੁੱਲ ਗਿਣਤੀ ਕਿੰਨੀ ਸੀ ਤੇ ਹੁਣ ਮਿਤੀ 31 ਅਕਤੂਬਰ, 2018 ਦੀ ਸਥਿਤੀ ਅਨੁਸਾਰ ਅਜਿਹੇ ਲਾਭਪਾਤਰੀਆਂ ਦੀ ਜ਼ਿਲ੍ਹਾਵਾਰ ਕੁੱਲ ਗਿਣਤੀ ਕਿੰਨੀ ਹੈ?

## ਸਰਕਾਰੀ ਕਾਲਜ, ਜ਼ੀਰਾ ਵਿਚ ਖਾਲੀ ਅਸਾਮੀਆਂ ਭਰਨਾ

*2065. **ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਕਾਲਜ, ਜ਼ੀਰਾ ਵਿਚ ਪ੍ਰਿੰਸੀਪਲ ਅਤੇ ਲੈਕਚਰਾਰਾਂ ਦੀਆਂ ਖਾਲੀ ਆਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

## ਚੁੰਨੀ ਨੂੰ ਸਬ-ਤਹਿਸੀਲ ਬਨਾਉਣਾ

*1976. **ਸਰਦਾਰ ਗੁਰਪ੍ਰੀਤ ਸਿੰਘ ਜੀ. ਪੀ., ਐਮ.ਐਲ.ਏ.**:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਸੀ-ਪਠਾਣਾ (ਫਤਿਹਗੜ੍ਹ ਸਾਹਿਬ) ਵਿਚ ਚੁੰਨੀ ਵਿਖੇ ਜਨਤਕ ਹਿੱਤ ਲਈ ਨਵੀਂ ਸਬ ਤਹਿਸੀਲ ਬਨਾਉਣ ਬਾਰੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

## ਪੀ.ਐਸ.ਪੀ.ਸੀ.ਐਲ ਡਿਵੀਜ਼ਨ ਅਬੋਹਰ ਅਤੇ ਫਾਜ਼ਿਲਕਾ ਵਿੱਚ ਬਿਜਲੀ ਚੋਰੀ ਦੇ ਕੇਸਾਂ ਦੀ ਗਿਣਤੀ

*1931. **ਸ਼੍ਰੀ. ਨੱਥੂ ਰਾਮ, ਐਮ.ਐਲ.ਏ.**:- ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੀ.ਐਸ.ਪੀ.ਸੀ.ਐਲ ਡਿਵੀਜ਼ਨ ਅਬੋਹਰ ਅਤੇ ਫਾਜ਼ਿਲਕਾ ਵਿੱਚ 1 ਜਨਵਰੀ 2017 ਤੋਂ ਲੈ ਕੇ 31 ਦਸੰਬਰ 2018 ਤੱਕ (ਪਿੰਡ ਵਾਇਜ਼) ਕਿੰਨੇ ਬਿਜਲੀ ਚੋਰੀ ਦੇ ਕੇਸ ਪਕੜੇ ਗਏ ਹਨ ਤੇ ਇਹਨਾਂ ਨੂੰ (ਵਿਅਕਤੀ ਵਾਇਜ਼) ਕਿੰਨਾ ਜੁਰਮਾਨਾ ਕੀਤਾ ਗਿਆ ਹੈ;

ਅ) ਪੀ.ਐਸ.ਪੀ.ਸੀ.ਐਲ ਡਿਵੀਜ਼ਨ ਅਬੋਹਰ ਅਤੇ ਫਾਜ਼ਿਲਕਾ ਵਿੱਚ 1 ਜਨਵਰੀ 2017 ਤੋਂ ਲੈ ਕੇ 31 ਦਸੰਬਰ 2018 ਤਕ (ਵਿਅਕਤੀ ਵਾਇਜ਼) ਕਿੰਨੇ ਬਿਜਲੀ ਦੇ ਬਕਾਏ ਹਨ ਤੇ ਇਹਨਾਂ ਵਿਚੋਂ (ਪਿੰਡ ਵਾਇਜ਼) ਕਿੰਨੇ ਮੀਟਰ ਕੱਟੇ ਗਏ ਹਨ?

## ਵੈਟਨਰੀ ਹਸਪਤਾਲ ਪਿੰਡ ਧਨੌਲਾ ਜਿਲ੍ਹਾ ਬਰਨਾਲਾ ਦੀ ਮੁਰੰਮਤ ਕਰਵਾਉਣਾ

*1758. **ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ, ਐਮ.ਐਲ.ਏ.**:- ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਿੰਡ ਧਨੌਲਾ, ਜ਼ਿਲ੍ਹਾ ਬਰਨਾਲਾ ਵਿਖੇ ਵੈਟਨਰੀ ਹਸਪਤਾਲ ਅੰਗਰੇਜਾਂ ਦੇ ਸਮੇਂ 1936 ਵਿੱਚ ਬਣਿਆ ਸੀ;

ਅ) ਕੀ ਇਹ ਵੀ ਠੀਕ ਹੈ ਕਿ ਇਸ ਸਮੇਂ ਹਸਪਤਾਲ ਦੀ ਹਾਲਤ ਬਹੁਤ ਖਸਤਾ ਹੈ ਅਤੇ ਉਸ ਦੀ ਮੁਰੰਮਤ ਦੀ ਲੋੜ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਮੁਰੰਮਤ ਕਦੋਂ ਤੱਕ ਕਰਵਾਏ ਜਾਣ ਦੀ ਸੰਭਾਵਨਾ ਹੈ?

## ਬਨੂੜ-ਲਾਂਡਰਾਂ ਸੜਕ ਦੀ ਰਿਪੇਅਰ ਕਰਨਾ

*1717. ***ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.***:- *ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਨੂੜ-ਲਾਂਡਰਾਂ ਸੜਕ ਦੀ ਅਤਿ ਮਾੜੀ ਹਾਲਤ ਦੇ ਮੱਦੇਨਜ਼ਰ ਇਸ ਦੀ ਰਿਪੇਅਰ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਰਿਪੇਅਰ ਕਦੋਂ ਤੱਕ ਕਰ ਦਿੱਤੀ ਜਾਵੇਗੀ?*

## ਪਪਰਾਲਾ ਪਿੰਡ ਦੀ ਫਿਰਨੀ ਵਾਲੀ ਸੜਕ ਦੀ ਰੀਕਾਰਪੈਟਿੰਗ ਕਰਨਾ

*1770. **ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਪਰਾਲਾ ਪਿੰਡ ਦੀ ਫਿਰਨੀ ਵਾਲੀ ਸੜਕ ਦੀ ਹਾਲਤ ਬਹੁਤ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਉਸ ਸੜਕ ਦੀ ਰੀਕਾਰਪੈਟਿੰਗ ਕੀਤੇ ਜਾਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਪਰਤੋਂ ਜੀ....

**ਅਨ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਰਜਿਸਟਰ ਕਰਨਾ ਅਤੇ ਫਾਰਮਾਸਿਸਟਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਦੀ ਇਜਾਜਤ ਦੇਣਾ**

*2023. ਡਾ. ਹਰਜੋਤ ਕਮਲ ਸਿੰਘ, ਐਮ.ਐਲ.ਏ.:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪਿੰਡਾਂ ਅਤੇ ਪੰਜਾਬ ਦੇ ਅੰਦਰੂਨੀ ਹਿੱਸਿਆਂ ਤੱਕ ਸਿਹਤ ਸੇਵਾਵਾਂ ਪਹੁਚਾਉਣ ਵਾਲੇ ਹਜਾਰਾਂ ਅਨ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਕੋਈ ਟੈਸਟ ਜਾਂ ਟ੍ਰੇਨਿੰਗ ਦੇ ਕੇ ਰਜਿਸਟਰ ਕਰਨ ਅਤੇ ਡਾਕਟਰਾਂ ਦੀ ਕਮੀ ਨੂੰ ਦੇਖਦੇ ਹੋਏ ਸਿਹਤ ਸਹੂਲਤਾਂ ਨੂੰ ਸੁਚਾਰੂ ਚਲਾਉਣ ਲਈ ਫਾਰਮਾਸਿਸਟਾਂ ਨੂੰ ਵੀ ਮੁੱਢਲੀਆਂ ਸਿਹਤ ਸਹੂਲਤਾਂ ਦੇ ਸਕਣ ਦੀ ਇਜਾਜਤ ਦੇਣ ਦੀ ਕੋਈ ਤਜਵੀਜ਼ ਹੈ?

**ਫਗਵਾੜਾ ਵਿੱਖੇ ਸਥਿਤ ਗੋਲ ਚੌਂਕ ਦਾ ਨਾਮ ਬਦਲਣਾ**

***2090. ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਫਗਵਾੜਾ ਵਿੱਖੇ ਸਥਿਤ ਗੋਲ ਚੌਂਕ ਦਾ ਨਾਮ ਬਦਲ ਕੇ ਸੰਵਿਧਾਨ ਚੌਂਕ ਰੱਖਣ ਦੀ ਪ੍ਰਵਾਨਗੀ ਮਾਨਯੋਗ ਮੁੱਖ ਮੰਤਰੀ ਦੁਆਰਾ ਦਿੱਤੀ ਜਾ ਚੁੱਕੀ ਹੈ ਅਤੇ ਇਸ ਸਬੰਧ ਵਿੱਚ ਨਗਰ ਨਿਗਮ, ਫਗਵਾੜਾ ਨੇ ਵੀ ਆਪਣੀ ਸਹਿਮਤੀ ਦੇ ਦਿੱਤੀ ਹੈ;

ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਗੋਲ ਚੌਂਕ ਦਾ ਨਾਮ ਬਦਲ ਕੇ ਸੰਵਿਧਾਨ ਚੌਂਕ ਰੱਖ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਇਸਦੇ ਕਾਰਨ ਕੀ ਹਨ ਅਤੇ ਅਜਿਹਾ ਕਦੋਂ ਤੱਕ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

**ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਦੇ ਮੁਆਵਜ਼ੇ ਦੇ ਬਿੱਲਾਂ ਦੀ ਅਦਾਇਗੀ ਕਰਨਾ**

*2011. ਸਰਦਾਰ ਰਮਨਜੀਤ ਸਿੰਘ ਸਿੱਕੀ, ਐਮ.ਐਲ.ਏ.:- ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਵਿੱਚ ਪੈਂਦੇ ਪਿੰਡ ਢਾਹਾ (ਬਿਆਸ ਦਰਿਆ ਦੇ ਕੰਡੇ ਤੇ) ਦੇ ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਦੇ ਮੁਆਵਜ਼ੇ ਨਾਲ ਸਬੰਧਤ 11 ਕਰੋੜ 54 ਲੱਖ ਰੁਪਏ ਦੇ ਬਿੱਲ ਲਾਭਪਾਤਰੀਆਂ ਨੂੰ ਆਨਲਾਈਨ ਅਦਾਇਗੀ ਲਈ ਅਜੇ ਤੱਕ ਪੈਂਡਿੰਗ ਪਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਨ ਕੀ ਹਨ ਅਤੇ ਉਕਤ ਲਾਭਪਾਤਰੀਆਂ ਨੂੰ ਇਸ ਰਾਸ਼ੀ ਦੀ ਅਦਾਇਗੀ ਉਨ੍ਹਾਂ ਦੇ ਖਾਤਿਆਂ ਵਿੱਚ ਕਦੋਂ ਤੱਕ ਟਰਾਂਸਫਰ ਕੀਤੇ ਜਾਣ ਦੀ ਸੰਭਾਵਨਾ ਹੈ?

**ਪਿੰਡਾਂ ਦੀਆਂ ਗ੍ਰਾਮ ਸਭਾਵਾਂ ਦੇ ਆਮ ਇਜਲਾਸਾਂ ਦੀ ਗਿਣਤੀ**

*2047. ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਕੋਟਕਪੂਰਾ ਵਿੱਚ ਪੈਂਦੇ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਦੇ ਸਾਲ 2018 ਵਿੱਚ ਕੁੱਲ ਕਿੰਨੇ ਆਮ ਇਜਲਾਸ ਹੋ ਚੁੱਕੇ ਹਨ?

**ਪਿੰਡ ਕੌਹਰੀਆਂ (ਦਿੜ੍ਹਬਾ) ਦੇ ਇਨਡੋਰ ਸਟੇਡੀਅਮ ਨੂੰ ਜ਼ਿਲ੍ਹਾ ਪੱਧਰੀ ਦਰਜਾ ਦੇਣਾ**

***1838. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.:-** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ਿਲ੍ਹਾ ਸੰਗਰੂਰ ਦੇ ਪਿੰਡ ਕੌਹਰੀਆਂ (ਦਿੜ੍ਹਬਾ) ਦੇ ਇਨਡੋਰ ਸਟੇਡੀਅਮ ਨੂੰ ਜ਼ਿਲ੍ਹਾ ਪੱਧਰੀ ਦਰਜਾ ਦੇਣ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਸਰਕਾਰੀ ਹਾਈ ਸਕੂਲ, ਬੋਲੜ੍ਹ ਕਲਾਂ ਜ਼ਿਲ੍ਹਾ ਪਟਿਆਲਾ ਨੂੰ ਦਿੱਤੀ ਗਈ ਗ੍ਰਾਂਟ ਬਾਰੇ**

***1908. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰਕਾਰ ਵਲੋਂ ਸਾਲ 2018-19 ਵਿੱਚ ਬਲਾਕ ਸਨੌਰ (ਜ਼ਿਲ੍ਹਾ ਪਟਿਆਲਾ) ਦੇ ਸਰਕਾਰੀ ਹਾਈ ਸਕੂਲ, ਬੋਲੜ੍ਹ ਕਲਾਂ ਨੂੰ ਕੁਝ ਗ੍ਰਾਂਟ ਦਿੱਤੀ ਗਈ ਸੀ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਨੇ ਹੁਣ ਇਸ ਗ੍ਰਾਂਟ ਦੀ ਵਰਤੋਂ ਤੇ ਰੋਕ ਲਗਾ ਦਿੱਤੀ ਹੈ; ਜੇਕਰ ਨਹੀਂ ਤਾਂ ਇਸ ਗ੍ਰਾਂਟ ਦੀ ਰਕਮ ਨਾਲ ਹੁਣ ਤੱਕ ਕਿੰਨਾਂ ਕੰਮ ਹੋ ਚੁੱਕਾ ਹੈ ਅਤੇ ਬਾਕੀ ਰਹਿੰਦਾ ਕੰਮ ਕਿੰਨੇ ਸਮੇਂ ਵਿੱਚ ਪੂਰਾ ਕਰ ਲਿਆ ਜਾਵੇਗਾ?

**ਐਮਰਜੈਂਸੀ ਹਾਲਾਤਾਂ ਵਿੱਚ ਨਕਲ ਜਮਾਂਬੰਦੀ ਦੇਣ ਲਈ ਪਟਵਾਰੀ ਨੂੰ ਅਧਿਕਾਰਤ ਕਰਨਾ**

*2001. ਸ਼੍ਰੀ ਜੋਗਿੰਦਰ ਪਾਲ, ਐਮ.ਐਲ.ਏ.:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਿਸੇ ਦੀ ਜਮਾਨਤ ਦੇਣ ਵਾਸਤੇ ਨਕਲ ਜਮਾਂਬੰਦੀ ਦੀ ਜਰੂਰਤ ਹੁੰਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਐਮਰਜੈਂਸੀ ਹਾਲਾਤਾਂ ਵਿੱਚ ਛੁੱਟੀ ਵਾਲੇ ਦਿਨ ਵੀ ਸਰਕਾਰ ਪਟਵਾਰੀ ਨੂੰ ਨਕਲ ਜਮ੍ਹਾਂਬੰਦੀ ਜਾਰੀ ਕਰਨ ਲਈ ਪਾਵਰਾਂ ਦੇਣ ਜਾਂ ਬਦਲਵਾਂ ਪ੍ਰਬੰਧ ਕਰਨ ਦੀ ਇੱਛਾ ਰੱਖਦੀ ਹੈ ਜੇਕਰ ਹਾਂ ਤਾਂ ਕਦੋਂ ਤੱਕ?

**ਨਿਊ ਕਲੋਨੀ, ਸਾਹਨੇਵਾਲ (ਜ਼ਿਲ੍ਹਾ ਲੁਧਿਆਣਾ) ਸਬੰਧੀ**

***2070. ਸਰਦਾਰ ਸ਼ਰਨਜੀਤ ਸਿੰਘ ਢਿੱਲੋਂ , ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਨਿਊ ਕਲੋਨੀ, ਸਾਹਨੇਵਾਲ (ਜ਼ਿਲ੍ਹਾ ਲੁਧਿਆਣਾ), ਮਿਉਂਸੀਪਲ ਕਮੇਟੀ, ਸਾਹਨੇਵਾਲ ਦੇ ਸਾਲ 2012 ਵਿੱਚ ਹੋਏ ਇਲੈਕਸ਼ਨਾਂ ਵਿੱਚ 6 ਨੰਬਰ ਵਾਰਡ ਸੀ;

ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਭਾਗ (ੳ) ਵਿੱਚ ਵਰਣਿਤ ਕਮੇਟੀ ਦੀਆਂ ਦਸੰਬਰ, 2017 ਵਿੱਚ ਹੋਈਆਂ ਚੋਣਾਂ ਵਿੱਚ ਨਿਊ ਕਲੋਨੀ, ਸਾਹਨੇਵਾਲ ਦੇ ਵਾਰਡ ਨੰ: 6 ਦਾ ਏਰੀਆ ਕਮੇਟੀ ਦੀ ਹੱਦ ਵਿੱਚੋਂ ਹੀ ਕੱਢ ਦਿੱਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਸ ਕਲੋਨੀ ਦੀ ਮੌਜੂਦਾ ਸਥਿਤੀ ਕੀ ਹੈ, ਵਿਸਥਾਰ ਪੂਰਵ ਕ ਦੱਸਿਆ ਜਾਵੇ?

**ਸਟੈਂਪ ਡਿਊਟੀ/ਰਜਿਸਟ੍ਰੇਸ਼ਨ ਚਾਰਜਿਜ਼ ਤੋਂ ਇੱਕਠੀ ਹੋਈ ਰਕਮ ਦਾ ਵੇਰਵਾ**

***2073. ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ 2016-2017, 2017-2018 ਅਤੇ 2018-2019 ਦੌਰਾਨ ਰਾਜ ਸਰਕਾਰ ਨੂੰ ਸਟੈਂਪ ਡਿਊਟੀ/ਰਜਿਸਟ੍ਰੇਸ਼ਨ ਚਾਰਜਿਜ਼ ਤੋਂ ਕੁੱਲ ਕਿੰਨੀ ਰਕਮ ਇਕੱਠੀ ਹੋਈ ਹੈ ਅਤੇ ਕੀ ਇਹ ਰਕਮ ਬਜਟ ਅਨੁਮਾਨਾਂ ਅਨੁਸਾਰ ਹੈ ਜਾਂ ਇਸ ਤੋਂ ਘਟ ਹੈ?

**ਸਰਕਾਰੀ ਜਮੀਨ ਨੂੰ ਨਜਾਇਜ਼ ਕਬਜੇ ਤੋਂ ਛੁਡਾਉਣਾ**

***1816. ਸਰਦਾਰ ਕੰਵਰ ਸੰਧੂ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਹਿਬਜਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੀਆਂ ਖਰੜ ਅਤੇ ਨਵਾਂ ਗਾਂਉਂ ਮਿਉਂਸਿਪਲ ਕਮੇਟੀਆਂ ਵੱਲੋਂ ਸੈਕੜੇ ਏਕੜ ਸਰਕਾਰੀ/ਐਮ.ਸੀ. ਜ਼ਮੀਨ ਨੂੰ ਅਣਅਧਿਕਾਰਤ ਕਬਜੇ ਤੋਂ ਮੁਕਤ ਕਰਵਾਉਣ ਲਈ ਪਿਛਲੇ 22 ਮਹੀਨਿਆਂ ਦੌਰਾਨ ਕੀ ਕਦਮ ਚੁੱਕੇ ਗਏ ਹਨ;

ਅ) ਉਪਰੋਕਤ ਭਾਗ ੳ ਵਿੱਚ ਵਰਣਿਤ ਜਮੀਨ ਦੇ ਸਬੰਧ ਵਿੱਚ ਭ੍ਰਿਸ਼ਟ ਰਾਜਨੀਤਿਕ ਨੇਤਾਵਾਂ ਅਤੇ ਹੋਰ ਅਫਸਰਾਂ ਖਿਲਾਫ ਕੀ ਕਾਰਵਾਈ ਕੀਤੀ ਗਈ ਹੈ ਜਿਨ੍ਹਾਂ ਦੀ ਮਿਲੀਭੁਗਤ ਨਾਲ ਇਸ ਜਮੀਨ ਤੇ ਨਜਾਇਜ਼ ਕਬਜਾ ਹੋਇਆ ਹੈ?

ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਚੰਡੀਗੜ੍ਹ
ਮਿਤੀ 18 ਫਰਵਰੀ, 2019

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।